परस्परोपग्रहो
जीवनाम्




ਜੂਨੇਰਾ ਕੰਪਿਊਟਰਜ਼
ਦਿੱਲੀ ਗੇਟ ਮਾਲੇਰਕੋਟਲਾ
www: jainworld.com

# ਸ਼੍ਰੀ ਸੰਵੇਗ ਦਰੁਮ ਕੰਧਲੀ

# Shri Samveg Drum Kandhali



**ਮੂਲ ਲੇਖਕ**
**ਸ਼੍ਰੀ ਵਿਮਲ ਅਚਾਰਿਆ**
**ਅਨੁਵਾਦਕ:**
**ਪੁਰਸ਼ੋਤਮ ਜੈਨ - ਰਵਿੰਦਰ ਜੈਨ**

# ਸ਼੍ਰੀ ਸੰਵੇਗ ਦਰੁਮ ਕੰਦਲੀ

## Shri Samveg Drum Kandli




ਮੂਲ ਲੇਖਕ:
ਸ਼੍ਰੀ ਵਿਮਲ ਅਚਾਰਿਆ ਜੀ

ਪੰਜਾਬੀ ਅਨੁਵਾਦਕ:
ਪੁਰਸ਼ੋਤਮ ਜੈਨ ਰਵਿੰਦਰ ਜੈਨ

ਪ੍ਰਕਾਸ਼ਕ:
26 ਵੀਂ ਮਹਾਵੀਰ ਜਨਮ ਕਲਿਆਨਕ ਸ਼ਤਾਵਦੀ ਸੱਯੋਜਿਕਾ ਸੰਮਤੀ ਪੰਜਾਬ
ਪੂਰਾਣਾ ਬੱਸ ਸਟੈਂਡ ਮਹਾਵੀਰ ਸਟਰੀਟ, ਮਾਲੇਰਕੋਟਲਾ ਜ਼ਿਲ੍ਹਾ ਸੰਗਰੂਰ।

# ਸਮਰਪਣ



**ਧਰਮ ਭਰਾ ਸ਼੍ਰਮਣੋਪਾਸਕ**
**ਸ਼੍ਰੀ ਪੁਰਸ਼ੋਤਮ ਜੈਨ ਸਾਹਿਬ ਮੰਡੀ ਗੋਬਿੰਦਗੜ੍ਹ**
**ਨੂੰ 40ਵੇਂ ਸਮਰਪਣ ਦਿਵਸ ਦੇ ਸ਼ੁਭ ਮੌਕੇ ਤੇ**
**ਸ਼ਰਧਾ ਤੇ ਪ੍ਰੇਮ ਨਾਲ ਭੇਂਟ**

## ਭੇਂਟ ਕਰਤਾ: ਰਵਿੰਦਰ ਜੈਨ

**ਮਾਲੇਰਕੋਟਲਾ 31/03/2009**

# ਸਮਰਪਨ

ਜ਼ਿੰਦਗੀ ਵਿੱਚ ਕੁੱਝ ਅਜਿਹੇ ਪਲ ਆਉਂਦੇ ਹਨ, ਜੋ ਕਿਸੇ ਮਨੁੱਖ ਦੀ ਜ਼ਿੰਦਗੀ ਦੀ ਰੂਪ ਰੇਖਾ ਨੂੰ ਬਦਲਕੇ ਰੱਖ ਦਿੰਦੇ ਹਨ। ਇਹ ਪਲ ਮਨੁੱਖ ਦੀ ਜੀਵਨ ਸ਼ੈਲੀ ਤੈਅ ਕਰਦੇ ਹਨ, ਵਰਤਮਾਨ ਅਤੇ ਭੱਵਿਖ ਦਾ ਨਿਮਾਨ ਕਰਨ ਵਿੱਚ ਸਹਾਇਕ ਹੁੰਦੇ ਹਨ। ਅਜਿਹਾ ਹੀ ਪਲ ਮੇਰੇ ਜੀਵਨ ਵਿੱਚ 31/3/1969 ਦਾ ਪਲ ਸੀ, ਜਦੋਂ ਮੇਰੀ ਮੁਲਾਕਾਤ ਮੇਰੇ ਧਰਮ ਭਰਾ ਸ਼੍ਰਮਣੋਪਾਸ਼ਕ ਸ਼੍ਰੀ ਪੁਰਸ਼ੋਤਮ ਜੈਨ ਧੂਰੀ ਨਾਲ ਮਾਲੇਰਕੋਟਲਾ ਵਿਖੇ ਹੋਈ। ਇਸ ਇੱਕ ਹੀ ਮੁਲਾਕਾਤ ਨੇ ਦੇਵ ਗੁਰੂ ਅਤੇ ਧਰਮ ਪ੍ਰਤੀ ਸਮਰਪਨ ਦਾ ਰੂਪ ਧਾਰਨ ਕਰ ਲਿਆ। ਉਸ ਦਿਨ ਤੋਂ ਮੇਰੀ ਜੀਵਨ ਸ਼ੈਲੀ ਨੇ ਨਵਾਂ ਰੂਪ ਲਿਆ, ਅਸੀਂ ਦੋਹਾਂ ਨੇ ਲਗਭਗ 40 ਸਾਲ ਤੋਂ ਜੈਨ ਸਾਹਿਤ ਦੀ ਅਨੋਖੇ ਢੰਗ ਨਾਲ ਸੇਵਾ ਕੀਤੀ। ਅਸੀਂ 2500 ਸਾਲ ਤੋਂ ਵੀ ਜ਼ਿਆਦਾ ਸਮੇਂ ਦੇ ਜੈਨ ਇਤਿਹਾਸ ਵਿੱਚ ਪਹਿਲੀ ਵਾਰ ਪੰਜਾਬੀ ਭਾਸ਼ਾ ਵਿੱਚ ਜੈਨ ਸਾਹਿਤ ਦਾ ਅਨੁਵਾਦ, ਲੇਖਨ ਅਤੇ ਸੰਪਾਦਨ ਦਾ ਕੰਮ ਸ਼ੁਰੂ ਕੀਤਾ। ਇਹ ਮੇਰੇ ਧਰਮ ਭਰਾ ਸ਼੍ਰੀ ਪੁਰਸ਼ੋਤਮ ਜੈਨ ਦੇ ਆਸ਼ਿਰਵਾਦ ਅਤੇ ਸਹਿਯੋਗ ਨਾਲ ਹੀ ਸੰਭਵ ਹੋ ਸਕਿਆ ਹੈ। ਅੱਜ ਤੱਕ ਪੰਜਾਬੀ ਅਤੇ ਹਿੰਦੀ ਭਾਸ਼ਾ ਵਿੱਚ 45 ਤੋਂ ਜ਼ਿਆਦਾ ਗ੍ਰੰਥਾਂ ਦਾ ਨਿਰਮਾਨ ਹੋਇਆ ਹੈ। ਅੱਜ ਮੈਂ ਅਤੇ ਸ਼੍ਰੀ ਪੁਰਸ਼ੋਤਮ ਜੈਨ ਨੇ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਪੱਧਰ ਤੇ ਇੱਕ ਸਾਹਿਤਕ ਪਹਿਚਾਨ ਬਣਾਈ ਹੈ। ਇਹ ਸਭ ਮੇਰੇ ਧਰਮ ਭਰਾ ਦੇ ਆਸ਼ਿਰਵਾਦ ਦੇ ਕਾਰਨ ਸੰਭਵ ਹੋਇਆ ਹੈ।

ਮੈਨੂੰ ਖੁਸ਼ੀ ਹੈ ਕਿ ਮੈਨੂੰ ਆਪ ਦਾ ਆਸ਼ਿਰਵਾਦ ਆਪ ਦੇ ਰਿਸ਼ਤੇ ਅਨੁਸਾਰ ਹਮੇਸ਼ਾ ਮਿਲਦਾ ਰਹਿੰਦਾ ਹੈ। ਇਹ ਰਿਸ਼ਤਾ ਹੈ ਜੈਨ ਧਰਮ ਦੀ ਸੇਵਾ ਦਾ, ਇਸ ਲੰਬੇ ਸਮੇਂ ਵਿੱਚ ਅਨੇਕਾਂ ਸਾਧੂ ਸਾਧਵੀਆਂ ਅਤੇ ਅਚਾਰਿਆ ਨੇ ਸਾਨੂੰ ਆਸ਼ਿਰਵਾਦ ਦਿੱਤਾ ਹੈ ਅਤੇ ਰਾਸ਼ਟਰੀ ਤੇ ਅੰਤਰ ਰਾਸ਼ਟਰੀ ਪੱਧਰ ਦੇ ਸਨਮਾਨ ਵੀ ਪ੍ਰਾਪਤ ਹੋਏ ਹਨ ਜੋ ਸਾਨੂੰ ਹੋਰ ਕੰਮ ਕਰਨ ਦੀ ਪ੍ਰੇਰਨਾ ਦਿੰਦੇ ਹਨ।

ਅੱਜ 31/03/2009 ਨੂੰ ਮੇਰੇ ਸਮਰਪਨ ਦੇ 40 ਸਾਲ ਪੂਰੇ ਹੋ ਰਹੇ ਹਨ, ਮੈਂ ਇਸ ਪਵਿੱਤਰ ਮੌਕੇ ਤੇ ਸ਼੍ਰੀ ਪੁਰਸ਼ੋਤਮ ਜੈਨ ਤੋਂ ਆਸ਼ਿਰਵਾਦ ਚਾਹੁੰਦਾ ਹੋਇਆ, ਉਹਨਾਂ ਪ੍ਰਤੀ ਮੰਗਲ ਕਾਮਨਾ ਕਰਦਾ ਹਾਂ ਅਤੇ ਇਹ ਪੁਸ਼ਤਕ ਅੱਜ ਦੇ ਪਵਿੱਤਰ ਸਮਰਪਨ ਦਿਨ ਤੇ ਆਪ ਨੂੰ ਸਮਰਪਨ ਕਰਦਾ ਹਾਂ ਅਤੇ ਆਸ ਕਰਦਾ ਹਾਂ ਕੀ ਭੱਵਿਖ ਵਿੱਚ ਵੀ ਆਪ ਦਾ ਆਸ਼ਿਰਵਾਦ ਮੇਰੇ ਪ੍ਰਤੀ ਬਣਿਆ ਰਹੇਗਾ।

ਸ਼ੁਭਚਿੰਤਕ
ਰਵਿੰਦਰ ਜੈਨ

# ਭੂਮਿਕਾ

ਜੈਨ ਧਰਮ ਵਿੱਚ ਤੱਪ ਤੇ ਤਿਆਗ ਦਾ ਮਹੱਤਵਪੂਰਨ ਸਥਾਨ ਹੈ। ਤਿਆਗ ਲਈ ਵੈਰਾਗ ਹੋਣਾ ਅਤਿ ਜ਼ਰੂਰੀ ਹੈ। ਇਸੇ ਵੈਰਾਗ ਦਾ ਦੂਸਰਾ ਨਾਂ ਸੰਵੇਗ ਹੈ। ਵੈਰਾਗ ਪ੍ਰਾਪਤ ਕਰਨ ਵਿੱਚ ਸਹਾਇਕ ਅਤੇ ਸੰਵੇਗ ਲਿਆਉਣ ਵਾਲੇ ਧਿਆਨ ਨੂੰ ਪ੍ਰਾਪਤ ਹੋਣ ਵਾਲੀ ਅਵਸਥਾ ਸਮਿਅੱਕਤਵ ਦਾ ਮਹੱਤਵਪੂਰਨ ਅੰਗ ਹੈ ਵੈਰਾਗ। ਸਮਿਅੱਕਤਵ ਤੋਂ ਬਿਨ੍ਹਾਂ ਜੀਵਨ ਅਧੂਰਾ ਹੈ, ਚਾਹੇ ਸਾਧੂ ਹੋਵੇ ਚਾਹੇ ਗ੍ਰਹਿਸਥ ਜੈਨ ਧਰਮ ਵਿੱਚ ਦੋਹਾਂ ਲਈ ਤਿਆਗ ਦਾ ਮਹੱਤਵਪੂਰਨ ਸਥਾਨ ਹੈ। ਸਮਿਅੱਕਤਵ ਦਾ ਮਹੱਤਵਪੂਰਨ ਅੰਗ ਹੈ ਸਮਿਅੱਕ ਦਰਸ਼ਨ, ਸਮਿਅੱਕ ਦਰਸ਼ਨ ਤੋਂ ਅਰਥ ਹੈ ਸ਼ੁੱਧ ਅਤੇ ਸਹੀ ਸ਼ਰਧਾ। ਤੱਤਵਾਰਥ ਸੂਤਰ ਦੇ ਰਚਿਤਾ ਸ਼੍ਰੀ ਉਮਾਸਵਾਤੀ ਨੇ ਸਮਿਅੱਕ ਦਰਸ਼ਨ, ਸਮਿਅੱਕ ਗਿਆਨ ਅਤੇ ਸਮਿਅੱਕ ਚਰਿਤਰ ਨੂੰ ਮੁਕਤੀ ਦਾ ਮਾਰਗ ਦੱਸੀਆ ਹੈ। ਗਿਆਨ ਅਤੇ ਦਰਸ਼ਨ ਇੱਕਠੇ ਹੁੰਦੇ ਹਨ ਅਤੇ ਚਰਿਤਰ ਰਾਹੀਂ ਗਿਆਨ ਦਰਸ਼ਨ ਤੇ ਚੱਲਿਆ ਜਾਂਦਾ ਹੈ।

ਪਰਾਤਨ ਕਾਲ ਤੋਂ ਹੀ ਜੈਨ ਧਰਮ ਵਿੱਚ ਤਿਆਗ ਨੂੰ ਲੈਕੇ ਮਹੱਤਵਪੂਰਨ ਸਾਹਿਤ ਦੀ ਰਚਨਾ ਭਿੰਨ ਭਿੰਨ ਭਾਸ਼ਾਵਾਂ ਵਿੱਚ ਹੁੰਦੀ ਰਹੀ ਹੈ। ਇਸ ਪੁਸ਼ਤਕ ਵਿੱਚ ਵਿਦਵਾਨ ਅਚਾਰਿਆ ਨੇ ਸੰਸਕ੍ਰਿਤ ਭਾਸ਼ਾ ਵਿੱਚ 50 ਸਲੋਕਾਂ ਰਾਹੀਂ ਤਿਆਗ ਦਾ ਮਹੱਤਵ ਸਮਝਾਇਆ ਹੈ ਅਤੇ ਆਤਮਾ ਨੂੰ ਸੰਬੋਧਿਤ ਕਰਕੇ ਭਿੰਨ ਭਿੰਨ ਛੰਦ ਅਲੰਕਾਰਾਂ ਰਾਹੀਂ ਅਪਣੇ ਮਹੱਤਵਪੂਰਨ ਵਿਚਾਰ ਇਹਨਾਂ ਸ਼ਲੋਕਾਂ ਵਿੱਚ ਪ੍ਰਗਟ ਕੀਤੇ ਹਨ। ਇਸ ਵਿੱਚ ਸੰਸਾਰ ਦਾ ਸਵਰੂਪ ਬਹੁਤ ਬਾਰੀਕੀ ਨਾਲ ਸਮਝਾ ਕੇ ਮਨੁੱਖ ਨੂੰ ਤਿਆਗ ਵੱਲ ਵੱਧਨ ਦੀ ਪ੍ਰੇਰਨਾ ਦਿਤੀ ਗਈ ਹੈ।

## ਰਚਨਾਕਾਰ ਬਾਰੇ:

ਇਸ ਛੋਟੇ ਜਿਹੇ ਗ੍ਰੰਥ ਵਿੱਚ ਗ੍ਰੰਥਕਾਰ ਪਾਠਕਾਂ ਨੂੰ ਅੰਤਮ ਸ਼ਲੋਕ ਵਿੱਚ ਪ੍ਰੇਰਨਾ ਦਿੰਦੇ ਹੋਏ ਆਖਦਾ ਹੈ, ਕਿ ਹੇ ਪਾਠਕੋ! ਜੇ ਤੁਸੀਂ ਮੋਕਸ਼ ਮਾਰਗ ਵਿੱਚ ਜਾਣ ਦੀ ਇੱਛਾ ਰੱਖਦੇ ਹੋ, ਜੇ ਤੁਸੀਂ ਸੰਤੋਖ ਦਾ ਸੁੱਖ ਪ੍ਰਾਪਤ ਕਰਨ ਦੀ ਇੱਛਾ

ਰੱਖਦੇ ਹੋ, ਵਿਸ਼ੇਆਂ ਦੇ ਪ੍ਰਤੀ ਦਵੇਸ਼ ਰੱਖਦੇ ਹੋ, ਵੈਰਾਗ ਕਣਰਨ ਆਤਮ ਪ੍ਰੇਮ ਉੱਤਪਨ ਹੋ ਰਿਹਾ ਹੈ, ਤਾਂ ਮੇਰੀ ਤੁਹਾਨੂੰ ਹੱਥ ਜੋੜਕੇ ਬੇਨਤੀ ਹੈ ਕਿ ਚੰਦਰਮਾਂ ਤੋਂ ਵੀ ਉਜੱਵਲ ਅਤੇ ਕਮਲ ਦੇ ਗਰਭ ਤੋਂ ਵੀ ਜ਼ਿਆਦਾ ਕੋਮਲ ਇਸ ਸੰਵੇਗ ਦਰੁਮ ਕੰਧਲੀ ਗ੍ਰੰਥ ਨੂੰ ਚੰਗੀ ਤਰ੍ਹਾਂ ਪੜ੍ਹੋ।

ਇਸ ਸ਼ਲੋਕ ਵਿੱਚ ਲੇਖਕ ਦੀ ਵਿਨਮਰਤਾ ਅਤੇ ਗਿਆਨ ਸਪਸ਼ਟ ਝਲਕਦਾ ਹੈ। ਇਹ ਕਾਫੀ ਪ੍ਰਾਚੀਨ ਗ੍ਰੰਥ ਹੈ, ਗ੍ਰੰਥਕਾਰ ਨੇ ਇਸਦਾ ਸਮਾਂ ਵਰਨਣ ਨਹੀਂ ਕੀਤਾ। ਪਰ ਗ੍ਰੰਥਕਾਰ ਨੇ ਅਪਣਾ ਸੰਖੇਪ ਪਰਿਚੈ ਇਸ ਪ੍ਰਕਾਰ ਦਿੱਤਾ ਹੈ: **ਸ਼੍ਰੀ ਚੱਕਰੇਸ਼ ਸੂਰੀ** ਦੇ ਮਨ ਰੂਪੀ ਸਰੋਵਰ ਵਿੱਚ ਹੰਸ ਰੂਪ **ਸ਼੍ਰੀ ਵਿਮਲ ਅਚਾਰਿਆ** ਜਿਨ੍ਹਾਂ ਦਾ ਦੂਸਰਾ ਨਾਂ **ਸ਼੍ਰੀ ਬ੍ਰਹਮ ਚੰਦਰ** ਪ੍ਰਸ਼ਿੱਧ ਹੈ। ਸੱਜਣਾ ਦੇ ਦੁੱਖ ਰੂਪੀ ਚੰਦਰ ਵਿਕਾਸੀ ਕਮਲ ਦਾ ਨਾਸ਼ ਕਰਨ ਲਈ ਸੂਰਜ ਦੇ ਸਮਾਨ, ਰਵੀ ਨਾਂ ਦੇ ਉਪਾਸਕ ਦੇ ਉਤਸਾਹਿਤ ਕਰਨ ਤੇ ਇਹ 50 ਸ਼ਲੋਕਾਂ ਦੇ ਗ੍ਰੰਥ ਦੀ ਰਚਨਾ ਕੀਤੀ ਹੈ। ਸਪਸ਼ਟ ਹੈ ਕੀ ਸ਼੍ਰੀ ਵਿਮਲ ਅਚਾਰਿਆ ਸ਼੍ਰੀ ਚੱਕਰੇਸ਼ ਸੂਰੀ ਦੇ ਵਿਦਵਾਨ ਚੇਲੇ ਸਨ। ਉਹਨਾਂ ਦਾ ਘਰੇਲੂ ਨਾਂ ਸ਼੍ਰੀ ਬ੍ਰਹਮ ਚੰਦਰ ਸੀ ਜੋ ਕਾਫੀ ਪ੍ਰਸ਼ਿੱਧ ਸੀ। ਅਪਣੇ ਇੱਕ ਉਪਾਸ਼ਕ ਜਿਸ ਦਾ ਨਾਂ **ਰਵੀ** ਸੀ, ਉਸ ਦੀ ਪ੍ਰੇਰਨਾ ਨਾਲ ਇਸ ਗ੍ਰੰਥ ਦੀ ਰਚਨਾ ਸੰਸਕ੍ਰਿਤ ਭਾਸ਼ਾ ਵਿੱਚ ਕੀਤੀ। ਸ਼ਲੋਕਾਂ ਤੋਂ ਜਾਪਦਾ ਹੈ ਕਿ ਲੇਖਕ ਸੰਸਕ੍ਰਿਤ ਦਾ ਚੰਗਾ ਜਾਨਕਾਰ ਕਵੀ ਹੋਵੇਗਾ।

ਕੁੱਝ ਸਮਾਂ ਪਹਿਲਾਂ ਅਸੀਂ ਇਸ ਛੋਟੇ ਪਰ ਮਹਾਨ ਗ੍ਰੰਥ ਦਾ ਪੰਜਾਬੀ ਅਨੁਵਾਦ ਇਸ ਦੀ ਮਹੱਤਤਾ ਸਮਝਦੇ ਹੋਏ ਕੀਤਾ ਸੀ। ਅੱਜ ਇਸ ਦਾ ਪੰਜਾਬੀ ਅਨੁਵਾਦ ਹੋਣ ਤੇ ਅਸੀਂ ਖੁਸ਼ੀ ਅਨੁਭਵ ਕਰਦੇ ਹਾਂ।

**ਧੰਨਵਾਦ:**

ਅਸੀਂ ਸ਼੍ਰੀ ਵਿਨੋਦ ਦਰਿਆਪੁਰ ਇੰਚਾਰਜ ਜੈਨ ਵਰਲਡ ਦੇ ਵੀ ਧੰਨਵਾਦੀ ਹਾਂ ਕਿ ਜਿਹਨਾਂ ਪੰਜਾਬੀ ਜੈਨ ਸਾਹਿਤ ਨੂੰ ਅਪਣੀ ਵੈਬ ਸਾਇਟ ਤੇ ਯੋਗ ਸਥਾਨ ਦਿਤਾ ਹੈ ਜਿਸ ਰਾਹੀਂ ਪੰਜਾਬੀ ਜੈਨ ਸਾਹਿਤ ਆਮ ਲੋਕਾਂ ਤੱਕ ਪਹੁੰਚ ਸਕਿਆ ਹੈ। ਅਸੀਂ ਸੁਨੀਲ ਦੇਸ਼ ਮਣੀ ਸ਼ੋਲਾਪੁਰ ਦੇ ਸਹਿਯੋਗ ਲਈ ਵੀ ਧੰਨਵਾਦੀ ਹਾਂ।

ਅਸੀਂ ਅਪਣੇ ਛੋਟੇ ਵੀਰ *ਸ਼੍ਰੀ ਮੁਹੰਮਦ ਸ਼ੱਬੀਰ (ਜ਼ੂਨੈਰ੍ਹਾ ਕੰਪਿਊਟਰਜ਼, ਮਾਲੇਰਕੋਟਲਾ)* ਦੇ ਵੀ ਧੰਨਵਾਦੀ ਹਾਂ ਜਿਹਨਾਂ ਅਪਣਾ ਵਿਸ਼ੇਸ਼ ਧਿਆਨ ਅਤੇ ਸਹਿਯੋਗ ਇਸ ਪ੍ਰਕਾਸ਼ਨ ਵਿੱਚ ਦਿੱਤਾ ਹੈ।

## ਆਸ਼ੀਰਵਾਦ:

ਸਾਨੂੰ ਪੰਜਾਬੀ ਜੈਨ ਸਾਹਿਤ ਲਈ ਆਚਾਰਿਆ ਸ਼੍ਰੀ ਆਨੰਦ ਰਿਸ਼ੀ ਜੀ, ਆਚਾਰਿਆ ਸ਼੍ਰੀ ਦੇਵੇਂਦਰ ਮੁਨੀ ਜੀ, ਆਚਾਰਿਆ ਸ਼੍ਰੀ ਸ਼ੁਸ਼ੀਲ ਕੁਮਾਰ ਜੀ, ਆਚਾਰਿਆ ਸ਼੍ਰੀ ਤੁਲਸੀ ਜੀ, ਆਚਾਰਿਆ ਸ਼੍ਰੀ ਮਹਾਂ ਪ੍ਰਗੀਆ ਜੀ, ਆਚਾਰਿਆ ਸ਼੍ਰੀ ਵਿਜੈਇੰਦਰ ਦਿਨ ਸੂਰੀ, ਆਚਾਰਿਆ ਸ਼੍ਰੀ ਨਿਤਿੱਆ ਨੰਦ ਸੂਰੀ ਜੀ ਅਤੇ ਸ਼੍ਰਮਣ ਸੰਘ ਦੇ ਚੋਥੇ ਆਚਾਰਿਆ ਡਾ: ਸ਼ਿਵ ਮੁਨੀ ਜੀ ਦੇ ਆਸ਼ੀਰਵਾਦ ਪ੍ਰਾਪਤ ਰਹੇ ਹਨ। ਇਸ ਤੋਂ ਛੁਟ ਆਚਾਰਿਆ ਮਹਾਂ ਪ੍ਰਗੀਆ ਦੇ ਚੈਲੇ ਸਵਰਗੀ ਸ਼੍ਰੀ ਵਰਧਮਾਨ ਜੀ ਅਤੇ ਸ਼੍ਰੀ ਜੈ ਚੰਦ ਜੀ ਦੇ ਆਸ਼ੀਰਵਾਦ ਪ੍ਰਾਪਤ ਹਨ। ਸਾਧਵੀਆਂ ਵਿੱਚ ਪੰਜਾਬੀ ਜੈਨ ਸਾਹਿਤ ਪ੍ਰੇਰਿਕਾ ਜੈਨ ਜਯੋਤੀ ਉਪ ਪ੍ਰਵਰਤਨੀ ਸੰਥਾਰਾ ਸਾਧਿਕਾ ਸ਼੍ਰੀ ਸ਼ਵਰਨਕਾਂਤਾ ਜੀ ਮਹਾਰਾਜ, ਉਹਨਾਂ ਦੀ ਵਿਦਵਾਨ ਚੇਲੀ ਸਾਧਵੀ ਸ਼੍ਰੀ ਸੁਧਾ ਜੀ ਮਹਾਰਾਜ ਅਤੇ ਆਚਾਰਿਆ ਸਾਧਵੀ ਡਾ: ਸਾਧਨਾ ਜੀ ਦੇ ਆਸ਼ੀਰਵਾਦ ਪ੍ਰਾਪਤ ਹਨ। ਆਸ ਕਰਦੇ ਹਾਂ ਕਿ ਭਵਿੱਖ ਵਿੱਚ ਵੀ ਇਹਨਾਂ ਦਾ ਆਸ਼ਿਰਵਾਦ ਬਣਿਆ ਰਹੇਗਾ।

ਸ਼ੁਭ ਚਿੰਤਕ:

31/03/2009
ਮੰਡੀ ਗੋਬਿੰਦਗੜ੍ਹ

ਪੁਰਸ਼ੋਤਮ ਜੈਨ, ਰਵਿੰਦਰ ਜੈਨ
ਅਨੁਵਾਦਕ

ਸ਼੍ਰੀ ਵਿਮਲ ਅਚਾਰਿਆ ਰਚਿਤ

# ਸ਼੍ਰੀ ਸੰਵੇਗ ਦਰੁਮ ਕੰਦਲੀ

## ਮੰਗਲਾ ਚਰਨ:

ਮੋਹ ਰੂਪੀ ਹਨੇਰੇ ਨੂੰ ਪੈਦਾ ਹੋਣ ਤੇ ਵਿਨਾਸ਼ ਕਰਨ ਵਾਲੀ, ਸੰਸਾਰ ਦੀ ਪੀੜ ਦੂਰ ਕਰਨ ਵਾਲੀ, ਯੋਗੀ ਪੁਰਸ਼ ਅਪਣੇ ਹੀ ਨੱਕ ਦੇ ਮੁਹਰਲੇ ਭਾਗ ਨੂੰ ਦੋਹਾਂ ਅੱਖਾਂ ਨਾਲ ਵੇਖਦੇ ਹਨ। ਜੋ ਤੇਜ਼ ਅਤੇ ਹਨੇਰੇ ਤੋਂ ਦੂਰ, ਪ੍ਰਤਿਸ਼ਠਾ ਨੂੰ ਪ੍ਰਾਪਤ, ਪਰਮ ਦੁਰਲੱਭ, ਪਰਮ ਪ੍ਰਮਾਤਮਾ ਸਵਰੂਪ, ਨਿਰਮਲ ਅਤੇ ਨਾ ਖਤਮ ਹੋਣ ਵਾਲੀ ਜਯੋਤੀ (ਸਿੱਧ) ਦੀ ਜੈ ਜੈਕਾਰ ਹੋਵੇ। ॥1॥

ਅਕਸਰ ਰਾਗ, ਦਵੇਸ਼, ਮੱਦ (ਨਸ਼ਾ) ਅਭਿਮਾਨ, ਕਾਮ ਤੇ ਕਰੋਧ ਆਦਿ ਦੁਸ਼ਮਣਾ ਨਾਲ ਇਹ ਸੰਸਾਰ ਭਰਿਆ ਪਿਆ ਹੈ। ਇਸ ਨਾਲ ਅੰਤਕਰਨ ਰੂਪੀ ਪਾਗਲ ਹਾਥੀ ਤੋਂ ਧਰਮ ਰੂਪੀ ਬਾਗ ਦੀ ਰੱਖਿਆ ਕਰਨ ਵਿੱਚ ਲੱਗੇ ਹਨ। ਉਸ ਹਾਥੀ ਨੂੰ ਕਾਬੂ ਪਾ ਲੈਣ ਦੇ ਲਈ, ਇਹ 50 ਸ਼ਲੋਕ ਰੂਪੀ ਮਜ਼ਬੂਤ ਕਮਰੇ ਨੂੰ ਸ਼ੁਰੂ ਕਰਦੇ ਹਾਂ। ॥2॥

ਹੇ ਚਿੱਤ! ਬੇਕਾਰ ਬੁਣੇ ਇਸ ਜਾਲ ਵਿੱਚ ਫੱਸੇ, ਤੂੰ ਲੰਬੇ ਸਮੇਂ ਤੋਂ ਸ਼ੁੱਧ ਸਮੱਗਰੀ ਨੂੰ ਕਿਉਂ ਬੇਕਾਰ ਕੀਤਾ ਹੈ? ਖਿਮ੍ਹਾ, ਕੋਮਲਤਾ, ਸ਼ਰਲਤਾ, ਪਵਿੱਤਰਤਾ, ਮੁਕਤੀ, ਤੱਪਸਿਆ, ਸੰਜਮ, ਸੱਚ, ਅਪਰਿਗ੍ਰਹਿ ਅਤੇ ਬ੍ਰਹਮਚਰਜ ਰੂਪੀ 10 ਪ੍ਰਕਾਰ ਦੇ ਧਰਮ ਦਾ ਆਦਰ ਨਾਲ ਪਾਲਣ ਕਰ। ॥3॥

ਹੇ ਹਿਰਦੇ! ਜਿਸ ਮਨੁੱਖ ਦਾ ਮਨ ਕਰੋਧ ਵਿੱਚ ਅੰਨ੍ਹਾ ਹੋ ਜਾਂਦਾ ਹੈ। ਉਹ ਚੰਗੇ ਕੁਲ ਵਾਲਾ ਹੋਣ ਤੇ ਵੀ ਚੰਗੇ ਕੰਮ ਅਤੇ ਮਾੜੇ ਕੰਮ ਦਾ ਵਿਵੇਕ ਨਹੀਂ ਜਾਣ ਸਕਦਾ। ਉਹ ਨੀਚ ਮਨੁੱਖ ਦੀ ਤਰ੍ਹਾਂ ਲੋਕ ਵਿੱਚ ਤਿਆਗਣ ਯੋਗ ਹੁੰਦਾ ਹੈ। ਉਹ ਅਪਣੇ ਧਰਮ ਨੂੰ ਨਹੀਂ ਮੰਨਦਾ ਸਗੋਂ ਅਪਣੇ ਪਿਆਰਿਆਂ ਤੇ ਦਵੇਸ਼ ਕਰਦਾ ਹੈ। ਸਿੱਟੇ ਵਜੋਂ ਉਹ ਦੁੱਖ ਨੂੰ ਪ੍ਰਾਪਤ ਹੁੰਦਾ ਹੈ ਇਸ ਲਈ ਅਜਿਹੇ ਕਠੋਰ ਅਤੇ ਬੁਰੇ ਕਰੋਧ ਨੂੰ ਖਿਮ੍ਹਾ ਰੂਪੀ ਛੁਰੀ ਨਾਲ ਜਿੱਤੋ। ॥4॥

ਹੇ ਆਤਮ! ਜੋ ਕੋਰਧ ਰੂਪੀ ਦੁਸ਼ਮਣ ਤੈਨੂੰ ਤੰਗ ਕਰਦਾ ਹੈ। ਜੋ ਜਨਮ ਮਰਨ ਦੀ ਪ੍ਰੰਪਰਾ ਸਮੇਤ ਪੂਰਨ ਦੁਸ਼ਮਣੀ ਕਰਵਾਉਂਦਾ ਹੈ। ਜੋ ਪਿਆਰੇ

ਪਰਿਵਾਰ 'ਤੇ ਗੁੱਸਾ ਕਰਵਾਉਂਦਾ ਹੈ, ਉਹ ਚੰਗੀ ਗਤੀ ਦੇ ਰਾਹ ਵਿੱਚ ਪਾਗਲ ਹਾਥੀ ਦੀ ਤਰ੍ਹਾਂ ਹੈ, ਇਸ ਲਈ ਕਰੋਧ ਰੂਪੀ ਦੁਸ਼ਮਣ ਨੂੰ ਕੁੱਝ ਸਮੇਂ ਲਈ, ਅਪਣੇ ਹਿਰਦੇ ਵਿੱਚ ਧਾਰਨ ਨਾ ਕਰ। ॥5॥

ਹੇ ਮਨ! ਕਰੋਧ ਦੇ ਕਾਰਨ ਮਨੁੱਖ ਦੁਰਗੱਤੀ ਵਿੱਚ ਜਾਂਦਾ ਹੈ। ਉਹ ਕੰਬ ਉਠਦਾ ਹੈ ਜਿਸ ਦੇ ਭੈ ਅਤੇ ਡਰ ਕਾਰਨ ਮਾਸ ਅਤੇ ਪੀਕ ਦੇ ਰਸ ਸਰੀਰ ਛੱਡ ਦਿੰਦਾ ਹੈ। ਜੋ ਦੁੱਖ ਸਮੂਹ ਦੀ ਖਾਣ ਸਵਰੂਪ ਹੈ ਅਤੇ ਨਿਰਮਲ ਗੁਣਾਂ ਤੋਂ ਨਫਰਤ ਪੈਦਾ ਕਰਨ ਦਾ ਮੁੱਖ ਸਵਰੂਪ ਹੈ। ਇਸੇ ਪ੍ਰਕਾਰ ਕਰੋਧ ਰੂਪੀ ਦੁਸ਼ਮਣ ਨੂੰ ਸ਼ਕਤੀ ਨਾਲ ਦੂਰ ਕਰ। ॥6॥

ਹੇ ਚਿੱਤ! ਜਿਸ ਮਾਨ ਦੇ ਅਭਿਆਸ ਨਾਲ ਮਨੁੱਖ ਦਾ ਸਰੀਰ ਅੰਤਕਰਨ ਵਿੱਚ ਪੈਦਾ ਹੋਈ, ਕੁਸ਼ੀਲਤਾ - ਲੋਹੇ ਦੀ ਜੰਜੀਰ ਨਾਲ ਜੱਕੜਿਆ ਜਾਂਦਾ ਹੈ, ਜਿਸ ਰਾਹੀਂ ਉਹ ਮਨੁੱਖ ਅਪਣਾ ਸਿਰ ਉੱਚਾ ਕਰਕੇ ਚੱਲਦਾ ਹੈ ਅਤੇ ਪੁਜਨ ਯੋਗ ਪੁਰਸ਼ਾਂ ਪ੍ਰਤੀ ਅਪਣੀ ਗਰਦਨ ਝੁਕਾਉਣ ਵਿੱਚ ਅਸਮਰਥ ਰਹਿੰਦਾ ਹੈ, ਅਜਿਹੇ ਵਿਪੱਤੀਆਂ ਦੇ ਭੰਡਾਰ, ਬੇਇੱਜ਼ਤੀ ਦੇ ਕਾਰਨ ਰੂਪ ਮਨ ਦੇ ਅਹੰਕਾਰ ਨੂੰ ਛੱਡ ਕੇ, ਵੱਡੇ ਆਦਰ ਨਾਲ ਮਾਰਦਵ (ਕੋਮਲਤਾ) ਪ੍ਰਾਪਤ ਕਰੋ। ॥7॥

ਹੇ ਚਿੱਤ! ਜਿਸ ਮਾਇਆ ਦਾ (ਧੋਖਾ) ਦਾ ਸੇਵਨ ਕਰਨ ਵਿੱਚ ਬੇਸ਼ਰਮ ਹੋ ਕੇ, ਹਰ ਰੋਜ ਵਿਸ਼ਵਾਸ ਕਰਨ ਵਾਲੇ ਮਨੁੱਖਾਂ ਨੂੰ ਠੱਗਦਾ ਹੈ। ਉਹ ਜੀਵ ਅਪਣੇ ਮਿੱਤਰ, ਗੁਰੂ ਅਤੇ ਰਿਸ਼ਤੇਦਾਰ ਨੂੰ ਕਪਟ ਦੀ ਨਜ਼ਰ ਨਾਲ ਵੇਖਦਾ ਹੈ। ਕੁੱਝ ਸਮਾਂ ਵੀ ਬਿਨ੍ਹਾਂ ਬਗਾਵਤ ਤੋਂ ਨਹੀਂ ਰਹਿ ਸਕਦਾ ਅਤੇ ਹਮੇਸ਼ਾ ਦੂਸਰੀਆਂ ਨੂੰ ਠੱਗਣ ਦੀ ਨਜ਼ਰ ਰੱਖ ਕੇ ਹੀ ਜੋ ਜਾਗਦਾ, ਸੌਂਦਾ ਹੈ, ਭਾਵ ਉੱਠਦੇ ਬੈਠਦੇ ਸੌਂਦੇ ਜਾਗਦੇ, ਜਿਸ ਦੇ ਮਨ ਵਿੱਚ ਠੱਗ ਵਾਲੀ ਬੁੱਧੀ ਰਹਿੰਦੀ ਹੈ, ਅਜਿਹੀ ਮਾਇਆ ਦੇ ਉਲਟ ਚੱਲਕੇ, ਸਾਦਗੀ ਰੱਖਕੇ, ਮਾਇਆ ਨੂੰ ਦੂਰ ਕਰਦਾ ਹੈ। ਸਰਲਤਾ ਰੱਖਕੇ ਸਰਲਤਾ ਦਾ ਸੇਵਨ ਕਰਦਾ ਹੈ। ॥8॥

ਹੇ ਚਿੱਤ! ਵਿੱਧੀ ਵਿਧਾਤਾ ਨੇ ਲੋਭ ਤ੍ਰਿਸ਼ਨਾ ਰੂਪੀ ਨਵੀਂ ਪ੍ਰਕਾਰ ਦੀ ਬੇਲ ਉੱਤਪਨ ਕੀਤੀ ਹੈ, ਜੋ ਕੱਟਣ ਤੇ ਵੀ ਹੋਰ ਵੱਧਦੀ ਹੈ। ਸਭ ਕਲੇਸ਼ ਉੱਤਪਨ ਕਰਨ ਵਾਲੀ ਹੈ। ਅਜਿਹੇ ਲੋਭ ਤੋਂ ਛੁਟਕਾਰਾ, ਮੋਕਸ਼ ਰੂਪੀ ਲਕਸ਼ਮੀ

ਮਿਲਾਉਣ ਦੇ ਮਾਮਲੇ ਵਿੱਚ ਦੂਤ ਦਾ ਕੰਮ ਕਰਦੀ ਹੈ। ਤੂੰ ਉਸ (ਮੋਕਸ਼) ਦੀ ਅਰਾਧਨਾ ਕਰ। ॥9॥

ਹੇ ਚਿੱਤ! ਹੇ ਭੱਵਯ (ਤਾਰਨ ਹਾਰ ਆਤਮਾ) ਤੂੰ ਅਪਣੇ ਹਿਰਦੇ ਨੂੰ ਤੀਰਥਾਂ ਤੇ ਘੁੰਮ ਕੇ ਕਿਉਂ ਦੁਖੀ ਕਰਦਾ ਹੈਂ? ਤੀਰਥਾਂ ਦਾ ਇਸਨਾਨ ਕਰਨ ਨਾਲ ਬਾਹਰਲੀ ਮੈਲ ਦਾ ਖਾਤਮਾ ਚਾਹੇ ਹੋ ਜਾਵੇ, ਪਰ ਜਨਮ ਮਰਨ ਰੂਪੀ ਅੰਦਰਲੀ ਮੈਲ ਦਾ ਖਾਤਮਾ ਨਹੀਂ ਹੋ ਸਕਦਾ। ਅੰਦਰਲੀ ਗੰਦਗੀ ਤੋਂ ਤੇਰੀ ਆਤਮਾ ਕਿਸ ਪ੍ਰਕਾਰ ਸ਼ੁੱਧ ਹੋਵੇਗੀ? ਇਸ ਲਈ ਅੰਦਰਲੀ ਮੈਲ ਦੂਰ ਹੋਵੇ, ਅਜਿਹਾ ਇਸਨਾਨ ਕਰ, ਇਸ ਦਾ ਹੀ ਲਾਭ ਹੋਵੇਗਾ। ॥10॥

ਹੇ ਚਿੱਤ! ਹੇ ਭੱਵਯ! ਜਿਸ ਤੱਪ ਦੇ ਆਚਰਨ ਨਾਲ ਦੁੱਖਾਂ ਦੇ ਡੂੰਗੇ ਸਮੰਦਰ ਨੂੰ ਅਨੇਕਾਂ ਭੱਵਯ ਪ੍ਰਾਣੀ ਪਾਰ ਹੋ ਗਏ ਹਨ, ਬਹੁਤ ਪਾਰ ਹੋ ਰਹੇ ਹਨ ਅਤੇ ਭਵਿੱਖ ਵਿੱਚ ਵੀ ਪਾਰ ਹੋਣਗੇ। ਜੋ (ਤੱਪ) ਸੰਸਾਰ ਰੂਪੀ ਜੇਲ ਖਾਣੇ ਦੇ ਖਤਰਨਾਕ ਦਰਵਾਜੇ ਨੂੰ ਤੋੜ ਸਕਦਾ ਹੈ। ਅਜਿਹੇ ਅੰਦਰਲੇ ਬਾਹਰਲੇ ਉਤਮ ਤੱਪ ਰਾਹੀਂ ਤੂੰ ਤੱਪਸਿਆ ਕਰ। ਅੰਦਰਲੇ ਅਤੇ ਬਾਹਰਲੇ ਭੇਦ ਵਾਲੇ ਉਤਮ ਤੱਪ ਦਾ ਸੇਵਨ ਕਰਦੇ ਹੋਏ ਜੀਵਨ ਗੁਜਾਰ। ॥11॥

ਹੇ ਆਤਮ ਰੂਪੀ ਭਰਾ! ਮੋਕਸ਼ ਦੇ ਰਾਹ ਉੱਪਰ ਚੱਲਣ ਦੀ ਜੇ ਤੇਰੀ ਇੱਛਾ ਹੈ ਤਾਂ ਤੂੰ ਸੰਜਮ ਰੂਪੀ ਕੱਵਚ ਧਾਰਨ ਕਰਕੇ, ਸਾਰੇ ਪਾਸਿਉਂ ਰੱਖਿਆ ਕਰ। ਜੇ ਤੂੰ ਰਾਖੀ ਨਹੀਂ ਕਰੇਂਗਾ, ਤਾਂ ਇੰਦਰੀਆਂ ਰੂਪੀ ਡਾਕੂ ਤਿੱਖੇ ਮੂੰਹ ਵਾਲੇ ਚਿੰਤਾ ਰੂਪੀ ਭੱਲੀਆਂ ਨਾਲ ਤੇਰੇ ਹਿਰਦੇ ਨੂੰ ਛਲਨੀ ਕਰਕੇ, ਉਸ ਵਿੱਚ ਰਹਿ ਰਹੇ ਵਿਵੇਕ ਰੂਪੀ ਮਣੀ ਨੂੰ ਤਾਕਤ ਨਾਲ ਗ੍ਰਹਿਣ ਕਰ ਲੈਣਗੇ। ॥12॥

ਹੇ ਮਿੱਤਰ! ਜੋ ਝੂੱਠੇ ਵਚਨ ਪੂੰਨ ਰੂਪ ਵਿੱਚ ਪ੍ਰਵੇਸ਼ ਕਰਵਾਉਣ ਦੇ ਢੋਲ ਦੇ ਉੱਪਰਲੇ ਭਾਗ ਦੀ ਤਰ੍ਹਾਂ ਹੀ ਹਨ। ਜੋ ਮਹਾਤਮਾ ਵੱਲ ਅੱਗੇ ਵੱਧਨ ਵਾਲੇ ਮੰਗਲ ਰੂਪ ਹਨ। ਜੋ ਜਸ਼ ਕੀਰਤੀ ਦਾ ਉਚਾਟਨ ਕਰਨ ਵਿੱਚ ਮੰਤਰ ਰੂਪ ਹੈ ਅਤੇ ਉਚਾਟਨ ਕਰਨ ਵਿੱਚ ਆਤਮਾ ਖੁਦ ਸ਼ਰਮਾਉਂਦੀ ਹੈ, ਅਜਿਹਾ ਜਾਪਦਾ ਹੈ। ਉਸੇ ਤਰ੍ਹਾਂ ਝੂਠੇ ਵਚਨ ਨੂੰ ਛੱਡ ਦੇਉ, ਪ੍ਰਤਿਗੀਆ ਦੇ ਮੂੰਹ ਵਿੱਚਲੇ ਸੱਚ ਵਚਨ ਦਾ ਆਦਰ ਕਰ। ॥13॥

ਹੇ ਚੇਤਨ! ਕੌਣ ਕਿਸੇ ਦਾ ਹੈ? ਕੋਈ ਕਿਸੇ ਦਾ ਨਹੀਂ? ਅਪਣਾ ਕੀ ਹੈ? ਦੂਸਰੇ ਦਾ ਕੀ ਹੈ? ਇਸ ਤਰ੍ਹਾਂ ਧੋਖੇ ਵਾਲੇ ਸੰਸਾਰ ਦਾ ਸਵਰੂਪ ਸੋਚ ਕੇ

ਸਵਰਗ ਅਤੇ ਮਿੱਟੀ ਦੇ ਢੇਰ, ਮਿੱਤਰ ਤੇ ਦੁਸ਼ਮਣ, ਘਰ ਤੇ ਜੰਗਲ, ਇਸ਼ਤਰੀ ਆਦਿ ਵਿੱਚ ਸਮਾਨ ਦ੍ਰਿਸ਼ਟੀ ਰੱਖ ਕੇ ਤੂੰ ਅਕਿੰਚਨ (ਤਿਆਗੀ) ਬਣ। ॥14॥

ਹੇ ਚੇਤਨ! ਬ੍ਰਹਮਚਰਜ ਤੋਂ ਰਹਿਤ ਪੁਰਸ਼ ਅੱਖ ਰਹਿਤ ਸਮੂਚੇ ਸੁੰਦਰ ਮਨੁੱਖ ਦੀ ਤਰ੍ਹਾਂ ਸੋਭਾ ਨਹੀਂ ਪਾਉਂਦਾ। ਜੋ ਬ੍ਰਹਮਚਰਜ ਵਾਲੇ ਧਰਮ ਦਾ ਜੀਵਨ ਰੂਪ ਹੈ, ਜੋ ਤ੍ਰੀ ਦੇਵ, ਦਾਨਵ ਅਤੇ ਮਨੁੱਖਾਂ ਦੇ ਲਈ ਬਹੁਤ ਮੁਸ਼ਕਲ ਹੈ। ਇਸ ਸੰਸਾਰ ਰੂਪੀ ਬੇਲ ਨੂੰ ਕੱਟਣ ਵਾਲੇ ਨਿਰਮਲ ਬ੍ਰਹਮਚਰਜ ਦਾ ਸੇਵਨ ਤੂੰ ਕਰ। ॥15॥

ਹੇ ਜੀਵ! ਇਸ ਸਰੀਰ ਦੇ ਲਈ ਤੂੰ ਕੀ ਕੀ ਨਹੀਂ ਕਰਦਾ? ਤੂੰ ਇਸ ਦੇ ਲਈ ਦਿਸ਼ਾਵਾਂ ਵਿੱਚ ਭਟਕਦਾ ਹੈਂ, ਸਮੁੰਦਰ ਪਾਰ ਜਾਂਦਾ ਹੈਂ, ਹੀਨਤਾ, ਭਾਵ ਨੋਕਰੀ ਕਰਦਾ ਹੈਂ, ਘਰ ਘਰ ਭਟਕਦਾ ਹੈਂ ਅਤੇ ਦੋਹੀ ਹੱਥ ਜੋੜਕੇ ਭੀਖ ਮੰਗਦਾ ਹੈਂ, ਪਰ ਜਦ ਤੂੰ ਪਰਲੋਕ ਵਿੱਚ ਜਾਵੇਂਗਾ ਇਹ ਸਰੀਰ ਤੇਰਾ ਸਾਥ ਇਕ ਕਦਮ ਵੀ ਨਹੀਂ ਦੇਵੇਗਾ। ॥16॥

ਇਹ ਸੰਸਾਰ ਅਸਾਰ ਹੈ, ਅਜਿਹਾ ਅਸੀਂ ਬਾਰ ਬਾਰ ਲੋਕਾਂ ਤੋਂ ਸੁਣਦੇ ਹਾਂ। ਇਹ ਗੱਲ ਸ਼ੰਕਾ ਰਹਿਤ ਹੈ, ਅਜਿਹਾ ਅਸੀਂ ਪ੍ਰਤੱਖ ਰੂਪ ਵਿੱਚ ਵੇਖਦੇ ਹਾਂ। ਜੀਵ ਕਰਮਾਂ ਵਿੱਚ ਜਕੜਿਆ ਹੋਇਆ ਇਕਾਂਤ ਰੂਪ ਵਿੱਚ ਮੋਕਸ਼ ਸੁਖ ਦੇਣ ਵਾਲੇ ਸੰਵੇਗ (ਵੈਰਾਗ) ਰੂਪੀ ਉੱਚੇ ਦਰੱਖਤ ਤੇ ਨਹੀਂ ਚੜ੍ਹ ਸਕਦਾ। ॥17॥

ਹੇ ਮਨ! ਵਿਦਵਾਨਾਂ ਰਾਹੀਂ ਨਿੰਦਨ ਯੋਗ ਅਤੇ ਕਿੰਪਾਕ ਦਰਖਤ ਦੇ ਜ਼ਹਿਰੀਲੇ ਫਲ ਵੇਖਣ ਵਿੱਚ ਸੁੰਦਰ ਰਸ ਭਰੇ, ਵਿਕਾਰਾਂ ਪ੍ਰਤੀ ਤੂੰ ਲਗਾਉ ਕਿਉਂ ਕਰਦਾ ਹੈਂ। ਬਾਹਰ ਦਾ ਭਰਮ ਛੱਡਕੇ, ਕੁੱਝ ਸੋਚਕੇ ਕੰਮ ਕਰ, ਕੀ ਜਿਸ ਤੋਂ ਇਸ ਜਗਤ ਵਿੱਚ ਅਤੀ ਕਸ਼ਟਾਂ ਵਿੱਚ ਵੀ ਤੈਨੂੰ ਉਪਦਰਵ (ਦੁੱਖ) ਨਾ ਹੋਵੇ। ॥18॥

ਹੇ ਲੱਛਨ ਰਹਿਤ ਮਨ! ਮੈਂ ਤੈਨੂੰ ਨਿਮਰਤਾ ਨਾਲ ਪੁੱਛਦਾ ਹਾਂ। ਕੀ ਤੂੰ ਅਜਿਹੀ ਬੇਸ਼ਰਮੀ ਕਿੱਥੋਂ ਸਿੱਖੀ ਹੈ? ਉਹ ਮੈਨੂੰ ਦੱਸ? ਹੇ ਨਿਰਦੇਈ! ਸਵਾਰਥ ਵਸ ਸਰੀਰ ਦੇ ਕੰਮਾਂ ਨੂੰ ਆਦਰ ਦੇਕੇ ਤੂੰ ਅਪਣੇ ਸਹਿਜ ਆਤਮਾ ਦੇ ਸੰਕਲਪ ਵਿਕਲਪ ਕਰਕੇ ਕਿਉਂ ਦੁੱਖ ਪੈਦਾ ਕਰਦਾ ਹੈਂ? ॥19॥

ਹੇ ਨਿਰਭੈ ਆਤਮ! ਕਰਮ ਦੇ ਦੋਸ਼ ਕਾਰਨ ਅਤਿ ਭਿਅੰਕਰ ਸੰਸਾਰ ਵਿੱਚ ਤੈਨੂੰ ਵਾਰ ਵਾਰ ਭਟਕਦੇ ਨੂੰ ਕਿੰਨ੍ਹੇ ਦੁੱਖ ਅਤੇ ਕਸ਼ਟ ਤੂੰ ਝੱਲੇ ਹਨ। ਉਹ ਆਖ ਇਨ੍ਹਾਂ ਮਹਾਂ ਦੁੱਖਾਂ ਦਾ ਕਾਰਨ ਵਿਸ਼ੇ ਵਿਕਾਰਾਂ ਦਾ ਸੇਵਨ ਹੈ। ਇਸ ਗੱਲ ਨੂੰ ਤੂੰ ਜਾਣਦਾ ਹੈਂ ਫੇਰ ਵੀ ਤੂੰ ਮੂਰਖ ਹੋ ਕੇ, ਤੂੰ ਇਨ੍ਹਾਂ ਵਿਸ਼ੇ ਵਿਕਾਰਾਂ ਦੇ ਸੁੱਖ ਦਾ ਅਹੰਕਾਰ ਕਿਉਂ ਕਰਦਾ ਹੈਂ। ॥20॥

ਹੇ ਭਵਯ! ਪੁਸਤਕਾਂ ਦੇ ਅਭਿਆਸ ਦਾ ਕੀ ਫਲ? ਇਕਾਂਤ ਕਸ਼ਟਾਂ ਦੀ ਇਨ੍ਹੀ ਚੇਸਟਾ ਵੀ ਕੀ ਹੈ? ਦੇਵਤਾ ਆਦਿ ਦੀ ਪੂਜਾ ਅਤੇ ਪ੍ਰਨਾਮ ਕਰਨ ਦਾ ਕੀ ਲਾਭ? ਜੇ ਤੂੰ ਸਭ ਸੁੱਖਾਂ ਨੂੰ ਅਪਣੇ ਹੱਥ ਵਿੱਚ ਪ੍ਰਾਪਤ ਕਰਨ ਦੀ ਇੱਛਾ ਕਰਦਾ ਹੈਂ ਤਾਂ ਅਰਕਤੂਲ (ਅੱਕ ਦੇ ਫੁੱਲ) ਦੀ ਤਰ੍ਹਾਂ ਚੰਚਲ ਇੰਦਰੀਆਂ ਦੇ ਵਿਸ਼ੇ ਵਿੱਚ ਜਾਣ ਤੋਂ ਅਪਣੇ ਆਪ ਨੂੰ ਰੋਕ। ॥21॥

ਇਸ ਸੰਸਾਰ ਵਿੱਚ ਵਾਰ ਵਾਰ ਭਰਮਨ ਕਰਨ ਵਾਲੇ ਪ੍ਰਾਣੀਆਂ ਨੇ ਹੇ ਚਿਤ! ਸੈਂਕੜੇ ਵਾਰ ਸੰਪਤੀ ਨੂੰ ਪ੍ਰਾਪਤ ਕੀਤਾ ਹੈ, ਦੇਵ ਇਸਤਰੀਆਂ ਦੇ ਵਿਸ਼ੇ ਦੇ ਸੁੱਖਾਂ ਦਾ ਭੋਗ ਕੀਤਾ ਹੈ। ਪ੍ਰੰਤੂ ਉਸ ਦੇ ਬਾਰੇ ਨਿਰਵਿਕਲਪ (ਸ਼ੱਕ ਰਹਿਤ) ਬੁੱਧੀ ਨਾਲ ਸੋਚ ਕੇ ਜਿਹੜਾ ਹੋ ਕੇ ਵੀ ਨਹੀਂ ਰਹਿੰਦਾ, ਉਸ ਨੂੰ ਸੁੱਖ ਕਿਵੇਂ ਆਖਿਆ ਜਾ ਸਕਦਾ ਹੈ। ਇਹ ਤਾਂ ਇਕਾਂਤ ਦੁੱਖ ਰੂਪ ਹੀ ਹੈ। ॥22॥

ਹੇ ਚਿਤ! ਜੋ ਇਸਤਰੀਆਂ ਕਿਸੇ ਇਕ ਪੁਰਸ਼ ਨੂੰ ਵਕਰ (ਤਿਰਛੀ) ਨਜ਼ਰ ਨਾਲ, ਦੂਸਰੇ ਨੂੰ ਵਚਨ ਨਾਲ, ਤੀਸਰੇ ਨੂੰ ਅਦਾਵਾਂ ਦੇ ਵਿਲਾਸ ਨਾਲ, ਚੋਥੇ ਨੂੰ ਭਿਕ੍ਰਟੀ ਨਾਲ ਅਤੇ ਛਾਤੀਆਂ ਵਿਖਾ ਕੇ ਮੋਹ ਉਤਪਨ ਕਰ ਦਿੰਦੀਆਂ ਹਨ ਅਜਿਹੀਆਂ ਧੋਖੇਵਾਜ ਅਤੇ ਝੂਠਾ ਭਾਵ ਵਿਖਾਉਣ ਵਾਲੀਆਂ ਇਸਤਰੀਆਂ ਪ੍ਰਤੀ ਸਿਧੀ ਰੂਪ ਸੁੰਦਰੀ ਦੇ ਮਿਲਾਪ ਤੋਂ ਉਲਟ ਪਿਆਰ ਕਿਉਂ ਕਰਦਾ ਹੈਂ। ॥23॥

ਹੇ ਮਿੱਤਰ! ਮੈਂ ਤੈਨੂੰ ਇਕ ਪਲ ਲਈ ਸਿੱਖਿਆ ਦਿੰਦਾ ਹਾਂ, ਕਿ ਤੂੰ ਅਪਣੀ ਆਤਮਾ ਦੇ ਨਜਦੀਕ ਆ, ਸਵਾਰਥ ਦਾ ਨਾਸ਼ ਕਰਕੇ ਹਮੇਸ਼ਾ ਮੂਰਖਤਾ ਕਿਉਂ ਵਧਾਉਂਦਾ ਹੈਂ। ਜਿਸ ਦਾ ਸਿੱਟਾ ਵਾਰ ਵਾਰ ਦੁੱਖ ਦੇਣ ਵਾਲਾ ਅਤੇ ਬੁਰਾ ਹੈ, ਅਜਿਹਾ ਪਾਪ ਤੇਰੇ ਹਿਰਦੇ ਨੂੰ ਵਾਰ ਵਾਰ ਭਟਕਾਉਂਦਾ ਰਹਿੰਦਾ ਹੈ। ॥24॥

ਮੋਹ ਰੂਪੀ ਹਨੇਰੇ ਕਾਰਨ ਜਿਸ ਦੀ ਬੁੱਧੀ ਢੱਕੀ ਗਈ ਹੈ, ਅਜਿਹੇ ਮੇਰੇ ਆਤਮਾ! ਇਹ ਇੰਦਰੀਆਂ ਰੂਪੀ ਠੱਗ ਤੈਨੂੰ ਅੱਗੇ ਕਰਕੇ ਅਪਣਾ ਪਾਲਣ ਪੋਸ਼ਨ ਕਰ ਰਹੇ ਹਨ। ਪਰ ਹੇ ਮੂਰਖ! ਤੈਨੂੰ ਇਕਲੇ ਨੂੰ ਹੀ ਨਰਕ ਵਿੱਚ ਛੇਦਨ, ਭੇਦਨ ਅਤੇ ਕੱਟਨ ਜੇਹੇ ਕਸ਼ਟ ਦਾ ਦੁੱਖ ਸਹਿਨਾ ਪਵੇਗਾ ਜਿਸ ਦਾ ਵਰਨਣ ਕਰਨਾ ਅਸੰਭਵ ਹੈ। ॥25॥

ਹੇ ਭਰਾ ਰੂਪੀ ਹਿਰਦੇ! ਜਿਵੇਂ ਪਾਗਲ ਹਾਥੀ ਅੰਕੁਸ਼ ਦੀ ਪ੍ਰਵਾਹ ਨਾ ਕਰਦਾ ਹੋਇਆ, ਵੇਲ ਨੂੰ ਜੜ ਤੋਂ ਪੁੱਟ ਸੁਟਦਾ ਹੈ, ਇਸ ਪ੍ਰਕਾਰ ਤੂੰ ਵੀ ਪਾਗਲਪਨ ਦੇ ਵਸ਼ ਗੁਰੂਆਂ ਦੇ ਵਚਨਾ ਦੀ ਪ੍ਰਵਾਹ ਨਾ ਕਰਦੇ ਹੋਏ, ਸ਼ਰਮ ਨੂੰ ਦੂਰ ਸੁੱਟ ਦਿਤਾ ਹੈ। ਇੰਜ ਲਗਦਾ ਹੈ, ਕੀ ਤੂੰ ਵਿਚਾਰ ਦੇ ਰਾਹ ਤੋਂ ਹੇਠਾਂ ਉੱਤਰ ਗਿਆ ਹੈਂ ਤਾਂ ਵੀ ਤੈਨੂੰ ਆਖਣਾ ਚਾਹੀਦਾ ਹੈ ਕੀ ਥੋੜੇ ਸਮੇਂ ਵਿੱਚ ਹੀ ਤੈਨੂੰ ਤੇਰੇ ਬੁਰੇ ਆਚਰਨ ਦਾ ਫਲ ਭੋਗਨਾ ਪਵੇਗਾ। ॥26॥

ਹੇ ਹਿਰਦੇ! ਤੂੰ ਅਪਣੀ ਇੱਛਾ ਅਨੁਸਾਰ ਸੋਚਦਾ ਹੈਂ ਕੀ, "ਇਹ ਸਰੀਰ ਤੋਂ ਜੀਵ ਅੱਡ ਹੈ ਅਤੇ ਸੰਸਾਰ ਵਿੱਚ ਭਟਕਦਾ ਹੈਂ। ਪੁੰਨ ਪਾਪ ਦਾ ਫਲ ਭੋਗਦਾ ਹੈਂ, ਪਰ ਮੈਂ ਇਹ ਕਿੱਥੇ ਵੇਖਾਂਗਾ"। ਪ੍ਰੰਤੂ ਹੇ ਠੱਗ! ਤੇਰੇ ਇਨ੍ਹਾਂ ਵਿਕਲਪਾਂ ਅਤੇ ਸਭ ਇੱਛਾਵਾਂ ਦਾ ਫਲ ਨਿਰਦੇਈ, ਪਰਮਾ ਧਰਮੀ (ਨਰਕ ਵਿੱਚ ਸਜ਼ਾ ਦੇਣ ਵਾਲੇ ਦੇਵਤੇ) ਦੇ ਕੋਲ ਜਾਣ ਸਮੇਂ ਜ਼ਰੂਰ ਮਿਲੇਗਾ। ॥27॥

ਹੇ ਚਿਤ! ਤੂੰ ਸੁੰਦਰ ਔਰਤਾਂ ਪ੍ਰਤੀ ਰਾਗ ਦਾ ਹੌਂਸਲਾ ਕਿਉਂ ਕਰਦਾ ਹੈਂ? ਹਮੇਸ਼ਾ ਮਹਾਂ ਚਿੱਕੜ ਰੂਪੀ ਅੱਠ ਕਰਮਾਂ ਨਾਲ ਲਿਬੜੀ ਤੇਰੀ ਆਤਮਾ ਦੇ ਸਹਿਜ, ਨਿਰਮਲ ਸਵਰੂਪ ਨੂੰ ਪ੍ਰਗਟ ਕਰਨ ਦੀ ਇੱਛਾ ਹੈ, ਤਾਂ ਅਪਣੇ ਪਰਿਵਾਰ, ਭਰਾ ਅਤੇ ਪੁੱਤਰ ਆਦਿ ਸਾਰੇ ਮਤਲਬੀ ਹਨ, ਅਜਿਹਾ ਜਾਣਕੇ ਤੂੰ ਉਹਨਾਂ ਨਾਲ ਅਨੁਰਾਗ ਨਾ ਕਰ। ॥28॥

"ਹੇ ਆਤਮਾ! ਰੱਖਿਆ ਰਹਿਤ, ਪੀੜਤ ਅਤੇ ਕਿੱਥੇ ਜਾਣਾ ਹੈ"। ਅਜਿਹਾ ਵਿਚਾਰ ਕੇ ਹਰ ਦਿਸ਼ਾ ਵਿੱਚ ਚੰਚਲ ਅੱਖਾਂ ਘੁੰਮਾਉਣ ਵਾਲੀਆਂ ਅਤੇ ਅੰਤ ਸਮੇਂ ਯਮ ਦੇ ਮੂੰਹ ਵਿੱਚ ਗਿਰਦੇ ਹੋਏ, ਸਭ ਲੋਕਾਂ ਨੂੰ ਪ੍ਰਤੱਖ ਵੇਖਦਾ ਹੈ ਤਾਂ ਵੀ ਮੋਹ ਵਿੱਚ ਅੰਨੇ! ਜੀਵ ਜ਼ਹਿਰ ਦੀ ਤਰ੍ਹਾਂ ਵਿਸ਼ੇ ਵਿਕਾਰਾਂ ਨੂੰ ਛੱਡ ਕੇ ਸਭ ਪ੍ਰਕਾਰ ਦਾ ਸੰਗ ਸਾਥ ਤਿਆਗ ਕੇ ਕਿਸੇ ਪਰਵੱਤ ਸ਼ਿਖਰ ਜਾਂ ਜੰਗਲ ਵਿੱਚ ਜਾਕੇ ਹੱਥਾਂ ਨੂੰ ਉੱਚਾ ਕਰਕੇ ਤੱਪ ਕਿਉਂ ਨਹੀਂ ਕਰਦਾ। ॥29॥

ਹੇ ਚਿਤ! ਕਈ ਲੋਕਾਂ ਦੇ ਪੂਜਨੀਕ ਮਹਾਨ ਪੁਰਸ਼ਾਂ ਅਤੇ ਮੋਕਸ਼ ਪ੍ਰਤੀ, ਜ਼ਿਆਦਾ ਇੱਛਾ ਰੱਖਦੇ ਹੋਏ, ਇਸ ਜਗਤ ਨੂੰ ਅਨਿੱਤ (ਖਤਮ) ਜਾਣਕੇ ਅਪਣੇ ਦਰਵ ਨੂੰ ਤਿਨਕੇ ਦੀ ਤਰ੍ਹਾਂ ਕਿਉਂ ਨਹੀਂ ਛੱਡ ਦਿੰਦਾ ਹੈ। ਪਰ ਤੂੰ ਤਾਂ ਨਹੀਂ ਸੀ, ਨਹੀਂ ਹੈਂ, ਨਾ ਹੋਵੇਂਗਾ ਇਸ ਪ੍ਰਕਾਰ ਜਗਤ ਦੇ ਧਨ ਆਦਿ ਪਦਾਰਥਾਂ ਨੂੰ ਤੰਦੁਲ ਜਾਤੀ ਦੇ ਮਗਰ ਮੱਛ ਦੀ ਤਰ੍ਹਾਂ ਇੱਛਾ ਰੱਖਕੇ ਗਲਤ ਆਸ ਨਾਲ ਜੀ ਰਿਹਾ ਹੈਂ ਤਾਂ ਕੀ ਇਹ ਤੇਰੀ ਭੁੱਲ ਨਹੀਂ। ॥30॥

ਹੇ ਆਤਮਾ! ਕਮਲ ਦੇ ਪੱਤੇ ਉੱਪਰ ਰਹੇ ਪਾਣੀ ਦੀ ਬੂੰਦ ਦੀ ਤਰ੍ਹਾਂ ਇਹ ਸੰਸਾਰ ਚੰਚਲ ਹੈ। ਇਸ ਸੰਸਾਰ ਦੀ ਜੋ ਰਚਨਾ ਤੂੰ ਵੇਖ ਰਿਹਾ ਹੈਂ ਤੱਦ ਵੀ ਤੂੰ ਉਸ ਨੂੰ ਵੇਖ ਨਹੀਂ ਪਾਉਂਦਾ, ਇਹ ਤੇਰਾ ਅਲੋਕਿਕ ਅੰਨ੍ਹਾਪਨ ਹੈ। ਜੇ ਤੂੰ ਕਲਿਆਣ ਪ੍ਰਾਪਤ ਕਰਨ ਦੀ ਇੱਛਾ ਰੱਖਦਾ ਹੈਂ ਤਾਂ ਤੂੰ ਪਰਵੱਤ ਦੀ ਤਰ੍ਹਾਂ ਦ੍ਰਿੜ ਰਹਿਕੇ ਇਸ ਸੰਸਾਰ ਪ੍ਰਤੀ ਹਰਕਤਾਂ ਨੂੰ ਛੱਡਦੇ ਅਤੇ ਬਾਣੀ ਵਿੱਚ ਇੱਜ਼ਤ ਪ੍ਰਾਪਤ ਕਰਨ ਵਾਲਾ ਬਣ, ਭਾਵ ਵਿਦਵਾਨ ਬਣ। ॥31॥

ਹੇ ਆਤਮਾ! ਤੈਨੂੰ ਲੱਖਾਂ ਜੂਨੀਆਂ ਕਾਰਨ ਡੂੰਘੇ ਸੰਸਾਰ ਰੂਪੀ ਸਮੁੰਦਰ ਵਿੱਚ ਭਰਮਨ ਕਰਕੇ ਮਨੁੱਖ ਰੂਪੀ ਜਨਮ ਦੁਰਲਭ ਰਤਨ ਪ੍ਰਾਪਤ ਹੋਇਆ ਹੈ। ਇਸ ਰਤਨ ਨੂੰ ਨਿਸ਼ਕਪਟ ਹੋ ਕੇ ਧਰਮ ਰੂਪੀ ਸੋਨੇ ਦੇ ਹੱਥ ਜੋੜਨ ਨਾਲ ਉਹ ਅਜਿਹਾ ਬਣੇਗਾ ਕੀ ਜਿਸ ਦਾ ਮੁੱਲ ਤਿੰਨ ਲੋਕਾਂ ਵਿੱਚ ਵੀ ਕੀਤੇ ਪ੍ਰਾਪਤ ਨਹੀਂ ਹੋ ਸਕਦਾ। ॥32॥

ਹਵਾ ਵਿੱਚ ਉੱਡਨ ਵਾਲੇ ਤਿੰਨਕੇ ਦੇ ਸਮਾਨ ਅਤੇ ਧੋਖੇਵਾਜ, ਹੇ ਚਿਤ ਰੂਪੀ ਮਿੱਤਰ! ਤੂੰ ਸਭ ਪਾਸੇ ਤੋਂ ਸੁੱਖ ਦੀ ਆਸ ਵਿੱਚ ਵਿੱਚ ਕਿੱਥੇ ਕਿੱਥੇ ਨਹੀਂ ਭਟਕੀਆ? ਇੱਛਾ ਤਾਂ ਕੇਵਲ ਵੱਧਦੀ ਹੀ ਰਹਿੰਦੀ ਹੈ, ਇਸੇ ਕਾਰਨ ਮੈਂ ਤੈਨੂੰ ਸਿੱਖਿਆ ਦਿੰਦਾ ਹਾਂ ਕੀ ਤੂੰ ਆਤਮਾ ਦੇ ਭਲੇ ਲਈ ਨਿਰਵਾਨ ਸੁੱਖ ਦੇਣ ਵਾਲੇ ਸੰਤੋਖ ਸੁੱਖ ਦੀ ਇੱਛਾ ਕਰੋ। ॥33॥

ਹੇ ਆਤਮਾ! ਹੈਰਾਨੀ ਦੀ ਗੱਲ ਹੈ, ਕੀ ਜੋ ਮੋਹ ਰੂਪੀ ਮਹਾਂ ਗ੍ਰਹਿ ਜਨਮ ਜਨਮ ਤੋਂ ਜ਼ਬਰਦਸਤੀ ਨਾਲ ਤੇਰੀ ਬੁੱਧੀ ਨੂੰ ਬੰਨਕੇ ਅਪਣੀ ਇੱਛਾ ਅਨੁਸਾਰ ਜੀਵ ਨੂੰ ਦੁੱਖ ਨੂੰ ਸੁੱਖ ਮੰਨਣ ਵਿੱਚ, ਮਿੱਤਰ ਨੂੰ ਦੁਸ਼ਮਨ ਵਿੱਚ, ਗ੍ਰਹਿਣ ਕਰਨਯੋਗ ਨੂੰ ਛੱਡਨਯੋਗ ਅਤੇ ਛੱਡਨਯੋਗ ਨੂੰ ਗ੍ਰਹਿਣ ਕਰਨਯੋਗ ਮੰਨਣ

ਲੱਗਦਾ ਹੈ, ਉਸ ਮੋਹ ਰੂਪੀ ਮਹਾਂ ਗ੍ਰਹਿ ਦੀ ਮਹਿਮਾਂ ਜੀਭ ਨਾਲ ਨਹੀਂ ਆਖੀ ਜਾ ਸਕਦੀ। ॥34॥

ਹੇ ਮਿੱਤਰ ਚਿਤ! "ਇਹ ਵਿਸ਼ੇ ਵਿਕਾਰ ਦੁੱਖ ਰੂਪ ਹਨ, ਜ਼ਹਿਰ ਭਰੇ ਹਨ, ਧੋਖੇ ਵਾਲੇ ਹਨ, ਇਹਨਾਂ ਤੋਂ ਜ਼ਿਆਦਾ ਕੁੱਝ ਵੀ ਨਿੰਦਨ ਯੋਗ ਨਹੀਂ ਹੈ, ਕੋਈ ਬਦਸ਼ਕਲ ਨਹੀਂ ਹੈ" ਇਸ ਪ੍ਰਕਾਰ ਦੇ ਅਨੇਕਾਂ ਵਿਸ਼ੇ ਦੀ ਭੁੱਖ ਨੇ ਤੈਨੂੰ ਰੋਕ ਰੱਖੀਆ ਹੈ। ਧਿਕਾਰ ਹੈ ਤੈਨੂੰ, ਜੋ ਤੂੰ ਉਹਨਾਂ ਵਿਸ਼ੇ ਵਾਸਨਾ ਵੱਲ ਭੱਜਦਾ ਰਹਿੰਦਾ ਹੈਂ। ॥35॥

ਹੇ ਚਿੱਤ! ਤੇਰੇ ਵਸ਼ ਹੋ ਕੇ ਇਹ ਅਚੇਤਨ ਬਣੀਆਂ ਹੋਇਆ ਜੀਵ ਇਸ ਸੰਸਾਰ ਦੇ ਭੇੜੇ ਮਾਰਗ ਨੂੰ ਗ੍ਰਹਿਣ ਕਰਕੇ ਸੁੱਖ ਦੁੱਖ ਪਾਉਂਦਾ ਰਹਿੰਦਾ ਹੈ। ਦੇਵਤਾ ਅਤੇ ਮਨੁੱਖ ਦੀ ਵੀ ਜੂਨ ਤੂੰ ਕਈ ਵਾਰ ਵੇਖ ਚੁੱਕਾ ਹੈਂ, ਹੁਣ ਤੈਨੂੰ ਬੇਨਤੀ ਹੈ ਕੀ ਤੂੰ ਅਜਿਹਾ ਕਰ ਕੀ ਜਿਸ ਨਾਲ ਜੀਵਨ ਨੂੰ ਮੁਕਤੀ ਦਾ ਸੁੱਖ ਪ੍ਰਾਪਤ ਹੋਵੇ। ॥36॥

ਹੇ ਭਰਾ ਆਤਮਾ! ਕੀ ਵਿਧਾਤਾ ਨਾਲ ਤੇਰੀ ਦੋਸ਼ਤੀ ਹੈ? ਕੀ ਕਿਸੇ ਪਾਸੇ ਤੋਂ ਤੂੰ ਮੌਤ ਤੇ ਬੁਢਾਪੇ ਦਾ ਖਾਤਮਾ ਕਰਨ ਵਾਲੀ ਦਵਾਈ ਪ੍ਰਾਪਤ ਕੀਤੀ ਹੈ। ਜਿਸ ਕਾਰਨ ਹੇ ਮਿੱਤਰ ਤੂੰ ਮੋਕਸ਼ ਦੇ ਸੁੱਖ ਤੋਂ ਬੇਮੁਖ ਅਤੇ ਇੰਦਰੀਆਂ ਦਾ ਜੇਤੂ ਬਣਕੇ ਬੁੱਧੀ ਸਥਿਰ ਰੱਖਕੇ ਬੇਫਿਕਰ ਹੋ ਕੇ ਕ੍ਰਿਆਵਾਂ ਕਰਦਾ ਹੈਂ। ॥37॥

ਹੇ ਮੂਰਖ ਬੁੱਧੀ ਵਾਲੇ ਪੁਰਸ਼ਾਂ ਦੇ ਗੁਰੂ ਦੇ ਸਮਾਨ ਆਤਮਾ, ਤੂੰ ਪਿਆਰੇ ਭਰਾ ਦੀ ਤਰ੍ਹਾਂ ਕੋਲ ਖੜੀ ਹੋਈ ਮੌਤ ਨੂੰ ਨਾ ਵੇਖਕੇ ਹਮੇਸ਼ਾ ਬੇਫਿਕਰੀ ਨਾਲ ਸੋ ਰਿਹਾ ਹੈਂ। ਕੀ ਤੈਨੂੰ ਮੋਹ ਹੋ ਗਿਆ ਹੈ, ਭਰਮ ਜਾਂ ਪਾਗਲਪਨ ਤਾਂ ਪੈਦਾ ਨਹੀਂ ਹੋਇਆ, ਪ੍ਰਮਾਦ (ਅਣਗਹਿਲੀ) ਜਾਂ ਜੜਤਾ (ਮੂਰਖਤਾ) ਪ੍ਰਾਪਤ ਹੋਈ ਹੈ ਜਾਂ ਤੇਰੀ ਬੁੱਧੀ ਵਿੱਚ ਪਰੀਵਰਤਨ ਹੋਇਆ ਹੈ ਜਾਂ ਤੇਰੀ ਅਗਿਆਨਤਾ ਹੈ ਤੂੰ ਦੱਸ ਤੈਨੂੰ ਕੀ ਹੋਇਆ ਹੈ? ॥38॥

ਹੇ ਚਿੱਤ! ਤੂੰ ਹਮੇਸ਼ਾ ਸਪਸ਼ਟ ਰੂਪ ਨਾਲ ਬੇਫਿਕਰ ਹੋ ਕੇ ਲਗਾਤਾਰ ਇਹ ਸੋਚਦਾ ਰਹਿੰਦਾ ਹੈਂ ਕੀ ਮੈਂ ਅੱਜ ਇਹ ਕੰਮ ਕਰਾਂਗਾ, ਕੱਲ ਨੂੰ ਦੂਸਰਾ ਕੰਮ ਕਰਾਂਗਾ, ਅਗਲੇ ਸਾਲ ਇਹ ਕੰਮ ਕਰਾਂਗਾ, ਤੀਸਰੇ ਸਾਲ ਇਹ ਕੰਮ ਕਰਾਂਗਾ ਪਰ ਹੇ ਮਿੱਤਰ! ਤੂੰ ਪੱਕੀ ਤਰ੍ਹਾਂ ਯਾਦ ਰੱਖ ਕੀ ਵਿਲਾਸ ਭਰੇ ਮਨੋਰਥ

ਨਾਲ ਭਰੇ ਵੇਲਾਂ ਵਾਲੇ ਜੰਗਲ ਨੂੰ ਜਲਾਉਣ ਲਈ ਦੰਡ ਧਾਰੀ ਕਾਲ ਕਿਸੇ ਵੀ ਸਮੇਂ ਤੈਨੂੰ ਯਾਦ ਕਰੇਗਾ ਉਹ ਸਮਾਂ ਆਉਣ ਵਾਲਾ ਹੈ। ॥39॥

ਹੇ ਹਿਰਦੇ! ਅਪਣੇ ਹਾਉ ਭਾਉ ਵਿਲਾਸ਼ਿਤਾ ਅਤੇ ਭ੍ਰਿਕੁਟੀ ਦੀਆਂ ਚਾਲਾਂ ਤੋਂ ਵੱਧੇ ਕਾਮ ਦੇਵ ਦੇ ਚਰਿੱਤਰ ਦਾ ਸੇਵਨ ਕਰਨ ਵਾਲੀਆਂ, ਮਿਰਗ ਦੀਆਂ ਅੱਖਾਂ ਵਾਲੀਆਂ ਸੁੰਦਰ ਇਸਤਰੀਆਂ ਦੀਆਂ ਲੀਲਾਵਾਂ ਮੱਨ ਨੂੰ ਚੰਗੀਆਂ ਲੱਗਦੀਆਂ ਹਨ, ਪਰ ਮੋਕਸ਼ ਤੋਂ ਇਲਾਵਾ ਕਿਸ ਦੇ ਹੱਥ ਮੁਕਤ ਹਨ, ਉਹ ਨਿਰਦੇਈ ਕਾਲ ਖੇਲਦਾ ਹੋਇਆ, ਬਲ ਪੂਰਵਕ ਦੂਰ ਤੋਂ ਹੀ ਖਿੱਚ ਕੇ ਨਿਗਲ ਜਾਂਦਾ ਹੈ। ॥40॥

ਹੇ ਆਤਮਾ! ਵਿਸਤਰਿਤ ਕ੍ਰਾਂਤੀ ਸਮੂਹ ਦੇ ਚੱਮਤਕਾਰੀ ਉਜੱਵਲ ਬੜੇ ਹਾਰਾਂ ਨਾਲ ਜਿਨ੍ਹਾਂ ਦਾ ਹਿਰਦਾ ਸੁੰਦਰ ਵਿਖਾਈ ਦਿੰਦਾ ਹੈ ਅਤੇ ਉੱਚੇ ਸਿੱਖਰ ਵਾਲੀਆਂ ਛਾਤੀਆਂ ਨੂੰ ਧਾਰਨ ਕਰਨ ਵਾਲੀਆਂ ਇਸਤਰੀਆਂ ਚਿੱਤ ਨੂੰ ਮੋਹਿਤ ਕਰਦੀਆਂ ਹਨ। ਪਰ ਇਹਨਾਂ ਇਸਤਰੀਆਂ ਦੇ ਸਾਰੇ ਅੰਗ ਬੁਢਾਪੇ ਵਿੱਚ ਖੁਰ ਜਾਣਗੇ। ਤੱਦ ਤੈਨੂੰ ਇਸ ਦੇ ਪ੍ਰਤੀ ਦਵੇਸ਼ ਦਾ ਭਾਵ ਕਿਉਂ ਜਾਗੇਗਾ, ਇਸ ਪ੍ਰਕਾਰ ਜਾਣਕੇ ਤੂੰ ਉਹਨਾਂ ਇਸਤਰੀਆਂ ਦੇ ਪ੍ਰਤੀ ਤੱਤਵ ਬੁੱਧੀ (ਲਗਾਉ) ਕਿਉਂ ਰੱਖਦਾ ਹੈਂ। ॥41॥

ਹੇ ਬੇਸ਼ਰਮ ਅਤੇ ਹੱਤਿਆਰੇ ਹਿਰਦੇ! ਅਸੀਂ ਤੈਨੂੰ ਕਿਵੇਂ ਸਿੱਖਿਆ ਦੇਈਏ, ਕੀ ਤੂੰ ਇਸਤਰੀਆਂ ਵੱਲ ਨਾ ਜਾ, ਇਸਤਰੀਆਂ ਮਿਰਗ ਤ੍ਰਿਸ਼ਨਾ ਦੀ ਤਰ੍ਹਾਂ ਹਨ, ਉਹਨਾਂ ਦੇ ਰੂਪ ਨੂੰ ਵੇਖਕੇ ਪਿਆਸ ਬੁਝਦੀ ਨਹੀਂ ਸਗੋਂ ਵੱਧਦੀ ਹੈ, ਹੇ ਪਾਗਲ! ਤੂੰ ਇਹ ਸਮਝ ਲੈ ਕੀ ਉਹ ਤੇਰੀ ਤ੍ਰਿਸ਼ਨਾ ਦੇ ਸੰਤਾਪ ਵਿੱਚ ਵਾਧਾ ਕਰਨ ਵਿੱਚ ਕਾਰਨ ਰੂਪ ਹਨ। ॥42॥

ਹੇ ਆਤਮਾ! ਜੇ ਤੇਰੇ ਸਰੀਰ ਨੂੰ ਕਸਤੂਰੀ ਆਦਿ ਨਾਲ ਭਰ ਕੇ ਰੱਖਿਆ ਜਾਵੇ ਤਾਂ ਵੀ ਉਹ ਬਦਬੂ ਛੱਡਦਾ ਹੈ। ਇਹ ਸਰੀਰ ਵਿਸ਼ਟਾ ਰੂਪ (ਕ੍ਰਿਮੀ ਰੂਪ) ਭਾਵ ਭਸਮ ਹੋਣ ਵਾਲਾ। ਇਸ ਸਭ ਦੇ ਬਾਵਜੂਦ ਵੀ ਇਹ ਧਰਮ ਦਾ ਨੁਕਸਾਨ ਕਰਦਾ ਹੈ। ਦੂਸਰੀਆਂ ਨੂੰ ਧੋਖਾ ਦਿੰਦਾ ਹੈ ਫਿਰ ਵੀ ਤੂੰ ਸਰੀਰ ਦੀ ਮਰਜੀ ਅਨੁਸਾਰ ਇਸ ਦਾ ਪਾਲਣ ਪੋਸ਼ਨ ਕਰਦਾ ਹੈਂ। ਅਜਿਹਾ ਮੋਹ ਤੈਨੂੰ ਕਿਉਂ ਹੋ ਗਿਆ? ॥43॥

ਹੇ ਆਤਮਾ! ਜਿਨ੍ਹਾਂ ਰਿਸ਼ਤੇਦਾਰ ਮਿੱਤਰਾਂ ਦਾ ਵਿਛੋੜਾ ਤੈਨੂੰ ਥੋੜੇ ਸਮੇਂ ਲਈ ਮੌਤ ਵਰਗਾ ਲੱਗਦਾ ਹੈ, ਉਸੇ ਦੀ ਤਰ੍ਹਾਂ ਦੁੱਖ ਜਾਪਦਾ ਹੈ, ਜਿਹਨਾਂ ਲਈ ਤੂੰ ਪਾਗਲ ਬਣ ਕੇ ਕਰਨ ਯੋਗ ਅਤੇ ਨਾ ਕਰਨ ਯੋਗ ਕੰਮਾਂ ਵਿੱਚ ਫਰਕ ਨਹੀਂ ਸਮਝਦਾ, ਉਹ ਸਾਰੇ ਅੰਗ ਸਾਕ, ਮਿੱਤਰ ਮੌਤ ਆਉਣ ਸਮੇਂ, ਤੈਨੂੰ ਅੱਗ ਦੀ ਚਿੱਤਾ ਦੇ ਹਵਾਲੇ ਕਰ ਦੇਣਗੇ। ਫੇਰ ਉਹ ਕੀ ਤੈਨੂੰ ਯਾਦ ਕਰਨ ਵਾਲੇ ਮਨ ਭਾਵ ਮੌਤ ਦਾ ਕੁੱਝ ਸਮਾਂ ਬੀਤਨ ਤੇ ਭੁਲ ਜਾਣਗੇ। ॥44॥

ਹੇ ਚੇਤਨ! ਇਸ ਸੰਸਾਰ ਚੱਕਰ ਵਿੱਚ ਭੱਟਕਦੇ ਹੋਏ ਤੈਨੂੰ ਮਾਇਆ (ਧੋਖਾ) ਸਿੱਖਾਉਣ ਵਾਲਾ ਗੁਰੂ ਕੌਣ ਮਿਲੀਆ ਹੈ, ਜਿਸ ਕਾਰਨ ਤੂੰ ਹੋਰ ਸਭ ਕੁੱਝ ਛੱਡਕੇ ਇਹੋ ਇੱਕ ਗੱਲ ਸਿੱਖਿਆ ਹੈਂ? ਇਹ ਸਿੱਖਿਆ ਕਾਰਨ ਤੂੰ ਅਪਣੇ ਪਰਾਨਾਂ ਤੋਂ ਪਿਆਰੇ ਰਿਸ਼ਤੇਦਾਰਾਂ ਨੂੰ ਮੌਤ ਦੇ ਮੂੰਹ ਵਿੱਚ ਜਾਂਦਾ ਵੇਖਕੇ ਰੋਂਦਾ ਕੁਰਲਾਉਂਦਾ ਹੈਂ ਅਤੇ ਬਾਅਦ ਵਿੱਚ ਤੂੰ ਪਹਿਲਾਂ ਵਾਂਗ ਹਰਕਤਾਂ ਕਰਨ ਲੱਗਦਾ ਹੈਂ। ॥45॥

ਹੇ ਮਿੱਤਰ ਚਿੱਤ! ਤੂੰ ਇਹਨਾਂ ਇੰਦਰੀਆਂ ਦਾ ਜੋ ਵਿਸ਼ਵਾਸ ਕਰਦਾ ਹੈਂ, ਉਸ ਕਾਰਨ ਮੈਂ ਸਮਝਦਾ ਹਾਂ ਕੀ ਸੰਸਾਰ ਵਿੱਚ ਤੇਰੇ ਤੋਂ ਮੂਰਖ ਕੋਈ ਨਹੀਂ ਹੋਵੇਗਾ। ਹੇ ਦੁੱਖ ਦੇ ਮਹਿਮਾਨ ਮੂਰਖ! ਸ਼ੀਸੇ ਵਿੱਚ ਵਿਖਾਈ ਦੇਣ ਵਾਲੇ ਸੂਰਜ ਦੀ ਤਰ੍ਹਾਂ ਤੈਨੂੰ ਵੀ ਇਹ ਪਰਛਾਵਾਂ ਤੇਰੇ ਇੰਦਰੀਆਂ ਸਮੂਹ ਵਿੱਚ ਨਿਸਚੈ ਹੀ ਵਿਸ਼ੇ ਵਾਸਨਾ ਦੀ ਗਰਮੀ ਉੱਤਪਨ ਕਰਦਾ ਹੈ। ॥46॥

ਹੇ ਚਿੱਤ! ਗੁਰੂਆਂ ਤੋਂ ਸੁਣੇ ਗਿਆਨ ਨੂੰ ਸੁਣਕੇ ਅਤੇ ਇਸ ਭਿਅੰਕਰ ਦੁੱਖੀ ਸੰਸਾਰ ਨੂੰ ਆਪ ਵੇਖ ਕੇ ਡਰ ਪ੍ਰਾਪਤ ਹੋਣ ਤੇ ਵੀ ਮੈਂ ਤੈਨੂੰ ਸਭ ਤਰ੍ਹਾਂ ਨਾਲ ਬੇਨਤੀ ਕਰਦਾ ਹਾਂ ਕੀ ਹੇ ਭਾਈ! ਤੂੰ ਮੇਰੇ 'ਤੇ ਮਹਿਰਬਾਨੀ ਕਰਕੇ ਸਭ ਪ੍ਰਕਾਰ ਦੇ ਝੂੱਠੇ ਵਿਸ਼ਵਾਸ ਛੱਡਦੇ। ਮੈਂ ਤੈਨੂੰ ਸੇਵਕ ਬਣਕੇ ਆਖਦਾ ਹਾਂ ਕੀ ਤੂੰ ਨਾਸ਼ਵਾਨ ਭੋਗਾਂ ਦਾ ਸਾਥ ਛੱਡਦੇ। ॥47॥

ਹੇ ਚਿੱਤ! ਤੂੰ ਮੇਰੇ ਨਾਲ ਰਹਿਣ ਵਾਲੇ ਅਤੇ ਮੇਰਾ ਆਖਾ ਮੰਨਕੇ ਦੁੱਖ ਸੁੱਖ ਭੋਗਦਾ ਹੈਂ। ਮੈਂ ਦਰਸ਼ਨਾ ਰੂਪ ਵਿੱਚ ਤੈਨੂੰ ਆਖਦਾ ਹਾਂ, ਹੇ ਬੁੱਧੀ ਹੀਨ ਬੇਸ਼ਰਮ ਅਤੇ ਗੁਣ ਰਹਿਤ ਦੁੱਖ ਦੀ ਗੱਲ ਹੈ, ਕੀ ਤੂੰ ਮਾਨਵ ਜਨਮ ਅਤੇ ਜੈਨ ਧਰਮ ਪ੍ਰਾਪਤ ਹੋਣ ਤੇ ਵੀ ਕਿਉਂ ਹਾਰ ਰਿਹਾ ਹੈਂ। ॥48॥

ਹੇ ਚਿੱਤ! ਜੇ ਇੰਦਰੀਆਂ ਦੇ ਬੇਕਾਬੂ ਵਰਗ ਦਾ ਖਾਤਮਾ ਕਰਕੇ ਬਾਹਰਲੇ ਅਤੇ ਅੰਦਰਲੇ ਵਿਚਾਰਾਂ ਨੂੰ ਰੋਕਕੇ ਕਿਸੇ ਪਰਵੱਤ ਦੀ ਗੁਫਾ ਵਿੱਚ ਬੈਠਕੇ ਤੂੰ ਧਰਮ ਜੋਤ ਦਾ ਧਿਆਨ ਕਰੇਂਗਾ ਤਾਂ ਇਸ ਸੰਸਾਰ ਵਿੱਚ ਘੁੰਮਦੇ ਹੋਏ ਕਿਸੇ ਵੀ ਥਾਂ ਤੇ ਸੁਪਨੇ ਵਿੱਚ ਅਨੁਭਵ ਨਾ ਕਰਦੇ ਹੋਏ ਪਰਮ ਆਨੰਦ ਦਾ ਸੁੱਖ ਤੈਨੂੰ ਪ੍ਰਾਪਤ ਹੋਵੇਗਾ। ॥49॥

ਇਹ ਅਸਾਰ ਸੰਸਾਰ ਵਸਤਾ ਦਾ ਫੈਲਾ ਕਰਨ ਵਾਲਾ ਹੈ, ਉਸ ਜੀਵ ਨੂੰ ਫੇਰ ਮਨੁੱਖ ਜਨਮ ਮਿਲ ਜਾਵੇਗਾ। ਸੱਚੇ ਗੁਰੂ ਮਿਲ ਜਾਣਗੇ, ਅਜਿਹਾ ਕੋਈ ਜੀਵ ਨਹੀਂ ਜਾਣ ਸਕਦਾ ਹੈ। ਇੰਝ ਵੀ ਯਮਰਾਜ ਦੇ ਦੂਤ ਨੂੰ ਕੋਈ ਨਹੀਂ ਰੋਕ ਸਕਦਾ, ਇਸ ਲਈ ਮੌਤ ਜ਼ਰੂਰੀ ਹੈ। ਇਸ ਲਈ ਹੇ ਚਿੱਤ, ਅਤਿਉੱਤਮ ਅਤੇ ਆਤਮ ਤੱਤਵ ਦੀ ਖੋਜ ਕਰ। ॥50॥

ਲੇਖਕ ਬਾਰੇ ਜਾਣਕਾਰੀ:

ਸ਼੍ਰੀ ਚੱਕਰੇਸ਼ ਸੂਰੀ ਦੇ ਮਨ ਰੂਪੀ, ਹੰਸ ਰੂਪੀ, ਸ਼੍ਰੀ ਵਿਮਲ ਅਚਾਰਿਆ ਜਿਨ੍ਹਾਂ ਦਾ ਦੂਸਰਾ ਨਾਂ ਬ੍ਰਹਮ ਚੰਦਰ ਪ੍ਰਸ਼ਿਧ ਹੈ, ਸੱਜਨਾ ਦੇ ਦੁੱਖ ਰੂਪੀ ਚੰਦਰਮਾ ਵਿਕਸਿਤ ਕਮਲ ਦਾ ਨਾਸ਼ ਕਰਨ ਵਿੱਚ ਇਕ ਸੂਰਜ ਦੇ ਸਮਾਨ ਰਵੀ ਨਾਉਂ ਦੇ ਉਪਾਸਕ ਦੇ ਵਚਨ ਤੋਂ ਉਤਸਾਹਿਤ ਹੋ ਕੇ ਚੰਗੇ 50 ਸਲੋਕਾਂ ਦੀ ਰਚਨਾ ਕੀਤੀ ਹੈ। ॥51॥

ਹੇ ਪਾਠਕੋਂ! ਜੇ ਤੁਸੀਂ ਮੋਕਸ ਮਾਰਗ ਵਿੱਚ ਜਾਣ ਦੀ ਇੱਛਾ ਰੱਖਦੇ ਹੋ, ਜੇ ਤੁਸੀਂ ਸੰਤੋਖ ਦਾ ਸੁੱਖ ਪ੍ਰਾਪਤ ਕਰਨ ਦੀ ਇੱਛਾ ਰੱਖਦੇ ਹੋ, ਜੇ ਤੁਸੀਂ ਚਾਹੁੰਦੇ ਹੋ ਕੀ ਦਵੇਸ਼ ਹੋਵੇ, ਵੇਰਾਗ ਪ੍ਰਤੀ ਪ੍ਰੇਮ ਉਤਪਨ ਹੋਵੇ ਤਾਂ ਮੇਰੀ ਹੱਥ ਜੋੜ ਕੇ ਬੇਨਤੀ ਹੈ ਕੀ ਚੰਦਰਮਾ ਤੋਂ ਜਿਆਦਾ ਉਜਵਲ ਅਤੇ ਕਮਲ ਦੇ ਅੰਦਰ ਤੋਂ ਜ਼ਿਆਦਾ ਕੋਮਲ ਇਸ ਗ੍ਰੰਥ ਦਾ ਚੰਗੀ ਤਰ੍ਹਾਂ ਅਧਿਐਨ ਕਰੋ। ॥52॥